UGC Approved Journal
Research Link
Since March 2002
An International, Registered & Refereed Monthly Journal :
Punjabi Literature
Research Link - 169, Vol - XVII (2), April - 2018, Page No. 154-155
ISSN - 0973-1628 ■ RNI - MPHIN-2002-7041 ■ Impact Factor - 2015 - 2.782

# ਸਾਧੂ ਸਿੰਘ ਹਮਦਰਦ ਅਤੇ ਜਸਵੰਤ ਸਿੰਘ ਖ਼ੁਮਾਰ ਦੀ ਗ਼ਜ਼ਲ ਆਲੋਚਨਾ ਦ੍ਰਿਸ਼ਟੀ : ਸਮਾਨਤਾਵਾਂ ਅਤੇ ਵਖਰੇਵੇਂ

*ਪੰਜਾਬੀ ਗ਼ਜ਼ਲ ਦੇ ਆਰੰਭ ਅਤੇ ਵਿਕਾਸ ਬਾਰੇ ਗੱਲ ਕਰਦਿਆਂ ਇਸ ਖੇਤਰ ਵਿਚ ਯੋਗਦਾਨ ਪਾਉਣ ਵਾਲੇ ਗ਼ਜ਼ਲਗੋਆਂ ਸਬੰਧੀ ਵੀ ਇਨ੍ਹਾਂ ਖੋਜਕਾਰਾਂ ਦੀਆਂ ਸਪੱਸ਼ਟ ਟਿੱਪਣੀਆਂ ਮਿਲਦੀਆਂ ਹਨ। ਇਹ ਟਿੱਪਣੀਆਂ ਸੰਬੰਧਿਤ ਗ਼ਜ਼ਲਗੋਆਂ ਦੀ ਗ਼ਜ਼ਲ ਕਲਾ ਬਾਰੇ ਜਾਨਣ ਦਾ ਮਹੱਤਵਪੂਰਨ ਮਾਧਿਅਮ ਹੋ ਬਣਦੀਆਂ ਹਨ। ਦੋਵੇਂ ਖੋਜਕਾਰ ਪੰਜਾਬੀ ਗ਼ਜ਼ਲ ਦੇ ਆਰੰਭ ਅਤੇ ਵਿਕਾਸ ਬਾਰੇ ਗੱਲ ਕਰਦਿਆਂ ਇਸ ਖੇਤਰ ਵਿਚ ਯੋਗਦਾਨ ਪਾਉਣ ਵਾਲੇ ਅਨੇਕ ਸ਼ਾਇਰਾਂ ਦਾ ਕਾਲਕ੍ਰਮ ਅਨੁਸਾਰ ਤਜ਼ਕਰਾ ਵੀ ਕਰਦੇ ਹਨ ਤੇ ਉਨ੍ਹਾਂ ਦੀ ਗ਼ਜ਼ਲ ਕਲਾ ਦੇ ਵਿਭਿੰਨ ਪਹਿਲੂਆਂ ਬਾਰੇ ਨਿਰਪੱਖ ਟਿਪਣੀਆਂ ਵੀ ਕਰਦੇ ਹਨ। ਇਸ ਦੌਰਾਨ ਭਾਵੇਂ ਜਸਵੰਤ ਸਿੰਘ ਖ਼ੁਮਾਰ ਦੀਆਂ ਟਿੱਪਣੀਆਂ ਵਿਚ ਕਈ ਥਾਵਾਂ 'ਤੇ ਆਪਹੁਦਰਾਪਣ ਝਲਕਦਾ ਹੈ ਪਰੰਤੂ ਸਾਧੂ ਸਿੰਘ ਹਮਦਰਦ ਦੀ ਆਲੋਚਨਾ ਦ੍ਰਿਸ਼ਟੀ ਵਿਚ ਪ੍ਰਸ਼ੰਸਾ ਵੀ ਵਾਜਬ ਕੀਤੀ ਗਈ ਮਿਲਦੀ ਹੈ ਅਤੇ ਆਲੋਚਨਾ ਵੀ ਸੌ ਫ਼ੀਸਦੀ ਕੁੰਦਨੀ ਦੇਖੀ ਜਾ ਸਕਦੀ ਹੈ।*

**ਡਾ. ਜਗਦੀਪ ਸਿੰਘ**

ਪੰਜਾਬੀ ਵਿਚ ਗ਼ਜ਼ਲ ਆਲੋਚਨਾ ਦਾ ਆਰੰਭ ਇਸਦੀ ਸਿਰਜਣਾ ਦੇ ਨਾਲ ਹੀ ਹੋ ਜਾਂਦਾ ਹੈ। ਮੁਢਲੇ ਦੌਰ ਵਿਚ ਇਹ ਕਾਵਿ ਰੂਪਾਕਾਰ ਦੇ ਤਕਨੀਕੀ ਪ੍ਰਬੰਧਾਂ ਦੀ ਸਰਲੀਕ੍ਰਿਤ ਵਿਆਖਿਆ ਵਜੋਂ ਆਰੰਭ ਹੋ ਕੇ ਸਮਕਾਲੀ ਜੀਵਨ ਯਥਾਰਥ ਦੇ ਵਰਤਾਰਿਆਂ ਨਾਲ ਨਪੀੜੀ ਮਾਨਵੀ ਜੀਵਨ ਜਾਚ ਦੇ ਪੈਰਾਡਾਈਮ ਉਸਾਰਦੀ ਅੱਗੇ ਵੱਧਦੀ ਹੈ। ਪੰਜਾਬੀ ਗ਼ਜ਼ਲ ਆਲੋਚਨਾ ਦੇ ਖੇਤਰ ਵਿਚ ਬਰਕਤ ਰਾਮ ਯੁਮਨ, ਜਗਤਾਰ, ਕਰਤਾਰ ਸਿੰਘ ਬਲੱਗਣ ਆਦਿ ਗ਼ਜ਼ਲ ਲੇਖਕ ਅਤੇ ਚਿੰਤਕ ਉਭਰ ਕੇ ਸਾਹਮਣੇ ਆਉਂਦੇ ਹਨ। ਪੰਜਾਬੀ ਗ਼ਜ਼ਲ ਦੀ ਮੁਢਲੀ ਤਾਲੀਮ ਨਾਲ ਸੰਬੰਧਿਤ ਇਨ੍ਹਾਂ ਦੇ ਅਨੇਕ ਲੇਖ ਪਿਛਲੀ ਸਦੀ ਦੇ 6ਵੇਂ-7ਵੇਂ ਦਹਾਕੇ ਦੇ ਅਨੇਕ ਪੰਜਾਬੀ ਮਾਸਿਕ ਪੱਤਰਾਂ ਜਿਵੇਂ ਕਵਿਤਾ, ਪੰਜਾਬੀ ਦੁਨੀਆਂ ਆਦਿ ਵਿਚ ਪ੍ਰਕਾਸ਼ਿਤ ਹੁੰਦੇ ਹਨ। ਇਸੇ ਦੌਰ ਵਿਚ ਪੰਜਾਬੀ ਸ਼ਾਇਰਾਂ ਦਾ ਇਕ ਵੱਡਾ ਵਰਗ ਗ਼ਜ਼ਲ ਸਿਰਜਣ ਵੱਲ ਰੁਚਿਤ ਹੁੰਦਾ ਹੈ ਅਤੇ ਅਨੇਕ ਮਾਸਿਕ ਪੱਤਰਾਂ ਰਾਹੀਂ ਆਪਣੀ ਭਰਵੀਂ ਹਾਜ਼ਰੀ ਲਗਾਉਣੀ ਆਰੰਭ ਕਰਦਾ ਹੈ। ਇਸ ਦੌਰ ਵਿਚ ਦਰਸ਼ਨ ਸਿੰਘ ਆਵਾਰਾ, ਗੁਰਦੇਵ ਨਿਰਧਨ, ਬਿਸ਼ਨ ਸਿੰਘ ਉਪਾਸ਼ਕ, ਅਜਾਬਿ ਚਿਤਰਕਾਰ, ਈਸ਼ਵਰ ਚਿਤਰਕਾਰ, ਪਾਲ ਗੁਰਦਾਸਪੁਰੀ ਆਦਿ ਸ਼ਾਇਰ ਸਰਗਰਮੀ ਨਾਲ ਗ਼ਜ਼ਲ ਸਿਰਜਣਾ ਵਿਚ ਹਿੱਸਾ ਲੈਂਦੇ ਹਨ। ਮਾਰਚ 1954 ਈਸਵੀ ਵਿਚ ਮਾਸਿਕ ਪੱਤਰ 'ਪ੍ਰੀਤਮ' ਅਤੇ ਅਪ੍ਰੈਲ 1954 ਈਸਵੀ ਵਿਚ ਮਾਸਿਕ ਪੱਤਰ 'ਕਵਿਤਾ' ਦਾ ਗ਼ਜ਼ਲ ਵਿਸ਼ੇਸ਼ ਅੰਕ ਪ੍ਰਕਾਸ਼ਿਤ ਹੁੰਦਾ ਹੈ। ਇਹ ਦੋਵੇਂ ਪੱਤਰ ਭਵਿਖ ਵਿਚ ਪੰਜਾਬੀ ਗ਼ਜ਼ਲ ਸਿਰਜਣਾ ਦੀਆਂ ਅਨੰਤ ਸੰਭਾਵਨਾਵਾਂ ਦੇ ਵਾਹਕ ਬਣਦੇ ਹਨ। ਪੰਜਾਬੀ ਕਾਵਿ ਪਰੰਪਰਾ ਵਿਚ ਗ਼ਜ਼ਲ ਦੇ ਵਧਦੇ ਦਖ਼ਲ ਨੂੰ ਉਸ ਸਮੇਂ ਹੋਰ ਪਛਾਣ ਮਿਲਦੀ ਹੈ ਜਦੋਂ ਸਮੇਂ ਦੇ ਮਕਬੂਲ ਪੰਜਾਬੀ ਸਾਹਿਤ ਪੱਤਰ 'ਪੰਜਾਬੀ ਦੁਨੀਆਂ' ਦਾ ਅਗਸਤ 1968 ਈਸਵੀ ਦਾ ਅੰਕ 'ਗ਼ਜ਼ਲਕਾਰ ਸਾਧੂ ਸਿੰਘ ਹਮਦਰਦ' ਵਿਸ਼ੇਸ਼ ਅੰਕ ਵਜੋਂ ਪ੍ਰਕਾਸ਼ਿਤ ਹੁੰਦਾ ਹੈ। ਮਾਰਚ-ਮਈ 1983 ਈਸਵੀ ਤ੍ਰੈਮਾਸਿਕ 'ਮੁੰਗਾ' ਨਾਰੀ ਗ਼ਜ਼ਲਕਾਰਾਂ ਦਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਦਾ ਹੈ ਅਤੇ 1990 ਈਸਵੀ ਵਿਚ ਮਾਸਿਕ ਪੱਤਰ 'ਜਨ ਸਾਹਿਤ' ਡਾ. ਜਗਤਾਰ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਕੇ ਉਸਦੀ ਗ਼ਜ਼ਲ ਕਲਾ ਨੂੰ ਪ੍ਰਮੁੱਖਤਾ ਨਾਲ ਬਿਆਨਦਾ ਹੈ। ਪੰਜਾਬੀ ਗ਼ਜ਼ਲ ਦੀ ਇਹੋ ਮਕਬੂਲੀਅਤ ਚੋਣਵੇਂ ਗ਼ਜ਼ਲ ਸੰਗ੍ਰਿਹਾਂ ਦੇ ਪ੍ਰਕਾਸ਼ਨਾਂ ਦਾ ਦੌਰ ਆਰੰਭ ਕਰਦੀ ਹੈ। ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਸਤੰਬਰ 1959 ਈਸਵੀ ਵਿਚ ਪੰਜਾਬੀ ਦਾ ਪਹਿਲਾ ਚੋਣਵਾਂ ਗ਼ਜ਼ਲ ਸੰਗ੍ਰਿਹਿ 'ਝੁੰਮਰ' ਪ੍ਰਾਪਤ ਹੁੰਦਾ ਹੈ। 100 (ਇਕ ਸੌ) ਚੋਣਵੀਆਂ ਪੰਜਾਬੀ ਗ਼ਜ਼ਲਾਂ ਦਾ ਇਹ ਸੰਗ੍ਰਿਹਿ ਚੌਕ ਆਰੀਆ ਸਮਾਜ ਪਟਿਆਲਾ ਤੋਂ ਅਰਜਨ ਦੇਵ ਸਿੰਧੀ ਐਂਡ ਸੰਨਜ ਵਲੋਂ ਛਪਦਾ ਹੈ ਅਤੇ ਇਸ ਵਿਚ ਬਿਸ਼ਨ ਸਿੰਘ ਉਪਾਸ਼ਕ, ਦਰਸ਼ਨ ਸਿੰਘ ਆਵਾਰਾ, ਗੁਰਦੇਵ ਨਿਰਧਨ, ਈਸ਼ਵਰ ਚਿਤਰਕਾਰ, ਅਜਾਇਬ ਚਿਤਰਕਾਰ, ਕਰਤਾਰ ਸਿੰਘ ਬਲੱਗਣ, ਹਰਿਭਜਨ ਸਿੰਘ, ਪ੍ਰਿੰ ਤਖ਼ਤ ਸਿੰਘ, ਜਗਤਾਰ ਆਦਿ ਸਮੇਤ ਅਨੇਕ ਪੰਜਾਬੀ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਨੂੰ ਸਥਾਨ ਮਿਲਦਾ ਹੈ। ਅਗਲੇ ਸਮਿਆਂ ਵਿਚ ਇਸੇ ਤਰਜ਼ 'ਤੇ ਡਾ. ਜਗਤਾਰ 'ਅੱਖ ਦਾ ਸਮੁੰਦਰ', 'ਚੋਣਵੀਂ ਪੰਜਾਬੀ ਗ਼ਜ਼ਲ', ਸੁਰਜੀਤ ਪਾਤਰ 'ਸਦੀ ਦੀਆਂ ਤਰਕਾਲਾਂ', ਸੁਲੱਖਣ ਸਰਹੱਦੀ 'ਸੁੱਚੇ ਤਿੱਲੇ ਦੀਆਂ ਤਾਰਾਂ' ਅਤੇ ਸ਼ਮਸ਼ੇਰ ਮੋਹੀ 'ਤਾਜ਼ੀ ਹਵਾ ਦਾ ਬੁੱਲ੍ਹਾ' ਆਦਿ ਚੋਣਵੇਂ ਗ਼ਜ਼ਲ ਸੰਗ੍ਰਿਹਾਂ ਦੀ ਸੰਪਾਦਨਾ ਕਰਦੇ ਹਨ। ਸਮਕਾਲ ਵਿਚ ਹੀ ਅਨੇਕ ਪੰਜਾਬੀ ਸ਼ਾਇਰਾਂ ਨਾਲ ਮੁਲਾਕਾਤਾਂ ਦੀਆਂ ਪ੍ਰਕਾਸ਼ਨਾਵਾਂ ਦਾ ਦੌਰ ਸ਼ੁਰੂ ਹੁੰਦਾ ਹੈ। ਭਾਵੇਂ ਇਨ੍ਹਾਂ ਵਿਚੋਂ ਬਹੁਤੀਆਂ ਮੁਲਾਕਾਤਾਂ ਸ਼ਾਇਰਾਂ ਦੀ ਸਮੁੱਚੀ ਕਾਵਿ ਪ੍ਰਕਿਰਿਆ ਦੇ ਗਿਰਦ ਬੁਣੀਆਂ ਹੁੰਦੀਆਂ ਸਨ ਪਰ ਕਈ ਮੁਲਾਕਾਤਾਂ ਵਿਚ ਸ਼ਾਇਰਾਂ ਦੀ ਨਿਰੋਲ ਗ਼ਜ਼ਲ ਕਲਾ ਨੂੰ ਕੇਂਦਰ ਵਿਚ ਰੱਖ ਕੇ ਵੀ ਪੇਸ਼ ਕੀਤਾ ਗਿਆ ਮਿਲਦਾ ਹੈ। ਇਸ ਸਬੰਧ ਵਿਚ ਸ਼ਮਸ਼ੇਰ ਮੋਹੀ ਵਲੋਂ ਸਮਕਾਲੀ ਪੰਜਾਬੀ ਗ਼ਜ਼ਲ ਦੇ ਉੱਘੇ ਗ਼ਜ਼ਲਕਾਰਾਂ ਨਾਲ 'ਗ਼ਜ਼ਲ ਸੰਵਾਦ' ਨਾਮਕ ਹੇਠ ਕੀਤੀਆਂ ਮੁਲਾਕਾਤਾਂ ਦੀ ਪੁਸਤਕ ਵੇਖੀ ਜਾ ਸਕਦੀ ਹੈ। ਇਸ ਪੁਸਤਕ ਵਿਚ ਸ਼ਮਸ਼ੇਰ ਮੋਹੀ ਡਾ. ਜਗਤਾਰ, ਸੁਰਜੀਤ ਪਾਤਰ, ਸੁਰਜੀਤ ਜੱਜ, ਸੁਲੱਖਣ ਸਰਹੱਦੀ, ਜਸਪਾਲ ਘਈ, ਜਸਵਿੰਦਰ ਅਤੇ ਬਰਜਿੰਦਰ ਚੌਹਾਨ ਨਾਲ ਵੱਖਰੇ-ਵੱਖਰੇ ਲੰਮੇ ਸੰਵਾਦ ਸਿਰਜਦਾ, ਇਨ੍ਹਾਂ ਦੀ ਗ਼ਜ਼ਲ ਕਲਾ ਅਤੇ ਸਮੁੱਚੀ ਪੰਜਾਬੀ ਗ਼ਜ਼ਲ ਯਾਤਰਾਂ ਬਾਰੇ ਵਿਚਾਰ ਵਟਾਂਦਰਾ ਕਰਦਾ ਹੈ। ਇਵੇਂ ਹੀ ਸਮਦਰਸ਼ੀ ਤ੍ਰੈਮਾਸਿਕ ਦੇ ਅੰਕ ਵਿਚ ਵਨੀਤਾ ਵਲੋਂ ਡਾ. ਜਗਤਾਰ ਦੀ ਕੀਤੀ ਲੰਮੀ ਇੰਟਰਵਿਊ ਵਿਚ ਪੰਜਾਬੀ ਗ਼ਜ਼ਲ ਅਤੇ ਡਾ. ਜਗਤਾਰ ਦੀ ਗ਼ਜ਼ਲ ਚੇਤਨਾ ਨਾਲ ਸਬੰਧਿਤ ਅਨੇਕ ਨੁਕਤੇ ਸਾਹਮਣੇ ਆਉਂਦੇ ਹਨ। ਤ੍ਰੈਮਾਸਿਕ ਕਲਾ ਸਿਰਜਕ ਦੇ ਅਕਤੂਬਰ-ਦਸੰਬਰ 2006 ਦੇ ਅੰਕ ਵਿਚ ਸੁਸ਼ੀਲ ਦੁਸਾਂਝ ਅਤੇ ਸੁਲੱਖਣ ਸਰਹੱਦੀ ਵਿਚਕਾਰ ਸੰਵਾਦ

*ਖੰਨਾ - ਲੁਧਿਆਣਾ (ਪੰਜਾਬ)*

ਅਤੇ ਪੰਜਾਬੀ ਪੱਤਰ 'ਹੁਣ' ਵਿਚ ਸੁਸ਼ੀਲ ਦੁਸਾਂਝ ਅਤੇ ਅਵਤਾਰ ਜੰਡਿਆਲਵੀ ਵਲੋਂ ਵੱਖ ਵੱਖ ਸਮੇਂ ਵਿਚ ਲਈਆਂ ਜਗਤਾਰ, ਸੁਰਜੀਤ ਪਾਤਰ ਆਦਿ ਸ਼ਾਇਰਾਂ ਦੀਆਂ ਲੰਮੀਆਂ ਇੰਟਰਵਿਊਆਂ ਵਿਚ ਵੀ ਗ਼ਜ਼ਲ ਦੀ ਸਥਿਤੀ, ਵਿਕਾਸ ਅਤੇ ਵਿਭਿੰਨ ਸਰੋਕਾਰਾਂ ਬਾਰੇ ਮਹੱਤਵਪੂਰਨ ਤੱਥ ਪ੍ਰਾਪਤ ਹੁੰਦੇ ਹਨ।

ਵਿਚਾਰਧੀਨ ਖੋਜ ਪੱਤਰ ਦਾ ਸਬੰਧ ਪੰਜਾਬੀ ਗ਼ਜ਼ਲ ਦੇ ਖੇਤਰ ਵਿਚਲੇ ਪਹਿਲੇ 2 ਖੋਜ ਪ੍ਰਬੰਧਾਂ ਵਿਚਲੀਆਂ ਸਮਾਨਤਾਵਾਂ ਅਤੇ ਵਖਰੇਵੇ ਨਾਲ ਹੈ।'ਪੰਜਾਬੀ ਗ਼ਜ਼ਲ ਦਾ ਆਲੋਚਨਾਤਮਕ ਅਧਿਐਨ' (1977) ਅਤੇ ਗ਼ਜ਼ਲ: ਜਨਮ ਤੇ ਵਿਕਾਸ' (1980) ਨਾਮਕ ਇਨ੍ਹਾਂ ਦੋਵਾਂ ਖੋਜ ਪ੍ਰਬੰਧਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਕ੍ਰਮਵਾਰ ਜਸਵੰਤ ਸਿੰਘ ਖ਼ੁਮਾਰ ਅਤੇ ਸਾਧੂ ਸਿੰਘ ਹਮਦਰਦ ਵਲੋਂ ਤਿਆਰ ਕੀਤਾ ਗਿਆ ਹੈ।

ਗ਼ਜ਼ਲ ਦੇ ਆਰੰਭ ਅਤੇ ਵਿਕਾਸ ਬਾਰੇ ਪੰਜਾਬੀ ਗ਼ਜ਼ਲ ਚਿੰਤਨ ਵਿਚ ਵਿਚਾਰੀਆਂ ਜਾਣ ਵਾਲੀਆਂ ਧਰਨਾਵਾਂ ਜਿਨ੍ਹਾਂ ਦੋ-ਚਾਰ ਸਰੋਤਾਂ 'ਤੇ ਆਧਾਰਿਤ ਰਹੀਆਂ ਹਨ, ਉਨ੍ਹਾਂ ਵਿਚੋਂ ਉਪਰੋਕਤ ਦੋਵਾਂ ਖੋਜ ਕਾਰਜਾਂ ਨੂੰ ਪ੍ਰਮੁੱਖਤਾ ਵਜੋਂ ਵੇਖਿਆ ਜਾ ਸਕਦਾ ਹੈ। ਉਦਾਹਰਨ ਵਜੋਂ ਇਨ੍ਹਾਂ ਦੋਵਾਂ ਖੋਜ ਕਾਰਜਾਂ ਤੋਂ ਸੰਪੰਨ ਹੋਏ ਪੰਜਾਬੀ ਗ਼ਜ਼ਲ ਨਾਲ ਸੰਬੰਧਿਤ ਖੋਜ ਕਾਰਜਾਂ ਨੂੰ ਵੇਖਿਆ ਜਾ ਸਕਦਾ ਹੈ।[1] ਗ਼ਜ਼ਲ ਸ਼ਬਦ ਦੀ ਵਿਉਂਤਪੱਤੀ ਬਾਰੇ ਗੱਲ ਕਰਦਿਆਂ ਜਿੱਥੇ ਜਸਵੰਤ ਸਿੰਘ ਖ਼ੁਮਾਰ ਇਸਨੂੰ ਸ਼ਰਾਬ ਦੀ ਮਸਤੀ ਅਤੇ ਪਿਆਰ ਦੀ ਨਿਰਾਸ਼ਾ ਵਿਚੋਂ ਉਪਜੇ ਕਾਵਿ ਰੂਪਾਕਾਰ[2] ਦਾ ਨਾਮ ਦਿੰਦਾ ਹੈ ਉੱਥੇ ਸਾਧੂ ਸਿੰਘ ਹਮਦਰਦ ਇਸਨੂੰ ਕਸੀਦਾਗੋਈ ਦੀ ਪਰੰਪਰਾ ਨਾਲ ਜੋੜ ਕੇ ਵੇਖਦਾ ਹੈ ਅਤੇ ਮਤਲਾ ਤੇ ਮਕਤਾ ਦੋ ਹੋਰ ਤੱਥਾਂ ਨੂੰ ਵਾਧੂ ਤੌਰ 'ਤੇ ਗ੍ਰਹਿਣ ਕੀਤੇ ਹੋਏ ਮੰਨਦਾ ਹੈ। ਉਸ ਅਨੁਸਾਰ 'ਕਸੀਦੇ ਤੋਂ ਪੈਦਾ ਹੋਣ ਕਾਰਨ ਇਸਦਾ ਰੂਪ ਵਿਧਾਨ ਮੁੱਖ ਰੂਪ ਵਿਚ ਕਸੀਦੇ ਵਾਲਾ ਹੀ ਹੈ, ਕਸੀਦੇ ਤੋਂ ਗ਼ਜ਼ਲ ਨੇ ਇਸ਼ਕੋ ਆਸ਼ਕੀ ਦੀ ਰੂਹ ਅਥਵਾ ਤਸ਼ਬੀਬ ਤੋਂ ਬਿਨਾਂ ਦੋ ਹੋਰ ਚੀਜ਼ਾਂ ਲਈਆਂ- ਮਤਲਾ ਅਤੇ ਮਕਤਾ।[3] ਪੰਜਾਬੀ ਦੇ ਪਹਿਲੇ ਪ੍ਰਮਾਣਿਕ ਗ਼ਜ਼ਲਗੋ ਬਾਰੇ ਨਿਰਣਾ ਕਰਦਿਆਂ ਵੀ ਇਹ ਦੋਵੇਂ ਖੋਜਕਾਰ ਵੱਖ-ਵੱਖ ਮੱਤ ਰੱਖਦੇ ਹਨ। ਜਸਵੰਤ ਸਿੰਘ ਖ਼ੁਮਾਰ ਸ਼ਾਹ ਮੁਰਾਦ ਨੂੰ ਪੰਜਾਬੀ ਦਾ ਪਹਿਲਾ ਗ਼ਜ਼ਲਗੋ ਮੰਨਦੇ ਹਨ ਪਰੰਤੂ ਆਪਣੀ ਇਸ ਧਾਰਨਾ ਦੇ ਸਬੰਧ ਵਿਚ ਕੋਈ ਤੱਥ ਪੇਸ਼ ਨਹੀਂ ਕਰਦੇ ਜਦੋਂ ਕਿ ਦੂਜੇ ਪਾਸੇ ਸਾਧੂ ਸਿੰਘ ਹਮਦਰਦ ਮੌਲਾ ਬਖ਼ਸ਼ ਕੁਸ਼ਤਾ ਨੂੰ ਪੰਜਾਬੀ ਦਾ ਪਹਿਲਾ ਗ਼ਜ਼ਲਗੋ ਐਲਾਨਦਿਆਂ ਮੌਲਾ ਬਖ਼ਸ਼ ਵਲੋਂ ਗਾਮੂੰ ਖਾਂ ਨੂੰ ਪਹਿਲਾ ਗ਼ਜ਼ਲਗੋ ਕਹੇ ਜਾਣ ਦੀ ਅਤੇ ਦਰਸ਼ਨ ਸਿੰਘ ਆਵਾਰਾ ਵਲੋਂ ਮੁਹੰਮਦ ਬਖ਼ਸ਼ ਨੂੰ ਪਹਿਲਾਂ ਗ਼ਜ਼ਲਗੋ ਕਹੇ ਜਾਣ ਦੀ ਧਾਰਨਾ ਨੂੰ ਵੀ ਰੱਦ ਕਰਦਾ ਹੈ।[4]

ਪੰਜਾਬੀ ਗ਼ਜ਼ਲ ਦੇ ਆਰੰਭ ਅਤੇ ਵਿਕਾਸ ਬਾਰੇ ਗੱਲ ਕਰਦਿਆਂ ਇਸ ਖੇਤਰ ਵਿਚ ਯੋਗਦਾਨ ਪਾਉਣ ਵਾਲੇ ਗ਼ਜ਼ਲਗੋਆਂ ਸਬੰਧੀ ਵੀ ਇਨ੍ਹਾਂ ਖੋਜਕਾਰਾਂ ਦੀਆਂ ਸਪੱਸ਼ਟ ਟਿੱਪਣੀਆਂ ਮਿਲਦੀਆਂ ਹਨ। ਇਹ ਟਿੱਪਣੀਆਂ ਸੰਬੰਧਿਤ ਗ਼ਜ਼ਲਗੋਆਂ ਦੀ ਗ਼ਜ਼ਲ ਕਲਾ ਬਾਰੇ ਜਾਨਣ ਦਾ ਮਹੱਤਵਪੂਰਨ ਮਾਧਿਅਮ ਹੋ ਬਣਦੀਆਂ ਹਨ। ਦੋਵੇਂ ਖੋਜਕਾਰ ਪੰਜਾਬੀ ਗ਼ਜ਼ਲ ਦੇ ਆਰੰਭ ਅਤੇ ਵਿਕਾਸ ਬਾਰੇ ਗੱਲ ਕਰਦਿਆਂ ਇਸ ਖੇਤਰ ਵਿਚ ਯੋਗਦਾਨ ਪਾਉਣ ਵਾਲੇ ਅਨੇਕ ਸ਼ਾਇਰਾਂ ਦਾ ਕਾਲਕ੍ਰਮ ਅਨੁਸਾਰ ਤਜ਼ਕਰਾ ਵੀ ਕਰਦੇ ਹਨ ਤੇ ਉਨ੍ਹਾਂ ਦੀ ਗ਼ਜ਼ਲ ਕਲਾ ਦੇ ਵਿਭਿੰਨ ਪਹਿਲੂਆਂ ਬਾਰੇ ਨਿਰਪੱਖ ਟਿਪਣੀਆਂ ਵੀ ਕਰਦੇ ਹਨ। ਇਸ ਦੌਰਾਨ ਭਾਵੇਂ ਜਸਵੰਤ ਸਿੰਘ ਖ਼ੁਮਾਰ ਦੀਆਂ ਟਿੱਪਣੀਆਂ ਵਿਚ ਕਈ ਥਾਵਾਂ 'ਤੇ ਆਪਹੁਦਰਾਪਣ ਝਲਕਦਾ ਹੈ ਪਰੰਤੂ ਸਾਧੂ ਸਿੰਘ ਹਮਦਰਦ ਦੀ ਆਲੋਚਨਾ ਦ੍ਰਿਸ਼ਟੀ ਵਿਚ ਪ੍ਰਸ਼ੰਸਾ ਵੀ ਵਾਜਬ ਕੀਤੀ ਗਈ ਮਿਲਦੀ ਹੈ ਅਤੇ ਆਲੋਚਨਾ ਵੀ ਸੌ ਫ਼ੀਸਦੀ ਕੁੰਦਨੀ ਦੇਖੀ ਜਾ ਸਕਦੀ ਹੈ। ਉਦਾਹਰਨ ਵਜੋਂ ਗਾਮੂੰ ਖਾਂ ਦੀ ਸ਼ਾਇਰੀ ਬਾਰੇ ਗੱਲ ਕਰਦਿਆ ਜਸਵੰਤ ਸਿੰਘ ਇਸਨੂੰ ਬੈਂਤਾਂ ਵਿਚ ਲਿਖੀ ਹੋਣ ਕਾਰਨ ਹੀ ਰੱਦ ਕਰ ਦਿੰਦਾ ਹੈ, ਜੋ ਕਿ ਤਰਕਸੰਗਤ ਨਹੀਂ ਜਾਪਦਾ। ਉਸ ਅਨੁਸਾਰ 'ਇਹ ਗ਼ਜ਼ਲ ਟੋਟੇ ਬੈਂਤ ਵਿਚ ਹਨ। ਇਸ ਲਈ ਇਨ੍ਹਾਂ ਵਿਚ ਗ਼ਜ਼ਲਾਂ ਦੀ ਵਿਸ਼ੇਸ਼ਤਾ ਘੱਟ ਹੈ ਤੇ ਇਹ ਕਿੱਸਾ ਕਾਵਿ ਦੇ ਰੰਗ ਦੀਆਂ ਧਾਰਨੀ ਹਨ।'[5] ਖ਼ੁਮਾਰ ਦੇ ਇਸ ਕਥਨ ਦੇ ਵਿਰੋਧ ਵਿਚ ਸਾਧੂ ਸਿੰਘ ਹਮਦਰਦ ਲਿਖਦੇ ਹਨ ਕਿ 'ਸਿਰਫ਼ ਬੈਂਤ ਦੀ ਬਹਿਰ ਵਿਚ ਲਿਖਣ ਕਰਕੇ ਜੇ ਕੋਈ ਗ਼ਜ਼ਲਗੋ ਮਾੜਾ ਹੁੰਦਾ ਹੈ ਤਾਂ ਬੈਂਤ ਵਿਚ ਲਿਖਣ ਵਾਲੇ ਸਾਰੇ ਹੀ, ਵਿਸ਼ੇਸ਼ ਕਰ ਕੁਸ਼ਤਾ ਜੀ ਗ਼ਜ਼ਲ ਦੇ ਖੇਤਰ ਵਿਚੋਂ ਖਾਰਜ ਕਰਨੇ ਪੈਣਗੇ, ਜੋ ਠੀਕ ਨਹੀਂ।'[6] ਠੀਕ ਇਵੇਂ ਹੀ ਸਾਧੂ ਸਿੰਘ ਹਮਦਰਦ ਵਲੋਂ ਹੋਰ ਅਨੇਕ ਪੰਜਾਬੀ ਗ਼ਜ਼ਲਗੋਆਂ ਦੀ ਗ਼ਜ਼ਲ ਕਲਾ ਬਾਰੇ ਕੀਤੀਆਂ ਟਿਪਣੀਆਂ ਵੇਖੀਆਂ ਜਾ ਸਕਦੀਆਂ ਹਨ।[7]

***ਹਵਾਲੇ :***

*(1) ਡਾ. ਸਾਧੂ ਸਿੰਘ ਹਮਦਰਦ ਆਪਣੇ ਖੋਜ ਪ੍ਰਬੰਧ ਵਿਚ ਇਸਨੂੰ (ਗ਼ਜ਼ਲ) ਉਨ੍ਹਾਂ ਕਾਲਪਨਿਕ ਕਹਾਣੀਆਂ ਵਿਚੋਂ ਇਕ ਮੰਨਦਾ ਹੈ ਜੋ ਯਾਰ ਲੋਕ ਆਪਣਾ ਜੀ ਖ਼ੁਸ਼ ਕਰਨ ਲਈ ਚਲਾ ਲੈਂਦੇ ਸਨ।(ਸ਼ਮਸ਼ੇਰ ਸਿੰਘ: 'ਆਧੁਨਿਕ ਪੰਜਾਬੀ ਗ਼ਜ਼ਲ: ਕਾਵਿ ਸ਼ਾਸਤਰੀ ਪਰਿਪੇਖ',ਪੰਨਾ 15, ।2॥ ਡਾ. ਸਾਧੂ ਸਿੰਘ ਹਮਦਰਦ ਦਾ ਵਿਚਾਰ ਹੈ ਕਿ ਪੰਜਾਬੀ ਗ਼ਜ਼ਲ ਦਾ ਮੁੱਢ ਮੌਲਾ ਬਖ਼ਸ਼ ਕੁਸ਼ਤਾ ਜਾਂ ਮੁਹੰਮਦ ਬਖ਼ਸ਼ ਨਾਲ ਨਹੀਂ ਬੱਝਾ, ਜਿਵੇਂ ਕਿ ਆਮ ਤੌਰ 'ਤੇ ਖਿਆਲ ਕੀਤਾ ਜਾਂਦਾ ਹੈ। ਇਹ ਮੁੱਢ ਸਤਾਰਵੀਂ ਸਦੀ ਵਿਚ ਵਲੀ ਦੱਕਨੀ ਸਮੇਂ ਹੀ ਨਹੀਂ ਸਗੋਂ ਵੀਹ ਵਿਸਵੇ ਉਸਤੋਂ ਪਹਿਲਾਂ ਬੱਝਾ। ਪੰਜਾਬੀ ਦੇ ਪਹਿਲੇ ਅਤੇ ਬੜੀ ਪਰਪੱਕਤਾ ਵਾਲੇ ਗ਼ਜ਼ਲਗੋ ਸ਼ਾਹ ਮੁਰਾਦ (ਮ੍ਰਿਤੂ 1702) ਹਨ। ਉਨ੍ਹਾਂ ਫ਼ਾਰਸੀ ਉਰਦੂ ਦੇ ਨਾਲ ਨਾਲ 14 ਅਤਿ ਸੁੰਦਰ ਪੰਜਾਬੀ ਗ਼ਜ਼ਲਾਂ ਛੱਡੀਆਂ ਹਨ। (ਹਰਪਾਲ ਸਿੰਘ, '1980 ਤੋਂ ਬਾਅਦ ਦੀ ਪੰਜਾਬੀ ਗ਼ਜ਼ਲ ਦੀਆਂ ਸੰਚਾਰ ਜੁਗਤਾਂ', ਪੰਨਾ 120).* ***(2)*** *'ਗ਼ਜ਼ਲ ਦੀ ਸਾਰੀ ਉਮਰ ਮਦ੍ਹਾ ਪਾਨ ਅਤੇ ਇਸ਼ਕ ਖੇਡਣ ਵਿਚ ਲੰਘ ਗਈ। ਸ਼ਰਾਬ ਦੀ ਮਸਤੀ ਅਤੇ ਪਿਆਰ ਦੀ ਨਿਰਾਸ਼ਾ ਵਿਚ ਉਸਨੇ ਇਕ ਕਾਵਿ ਰੂਪਾਕਾਰ ਵਿਕਸਤ ਕਰ ਲਿਆ ਅਤੇ ਆਪਣੇ ਨਾਂ 'ਤੇ ਹੀ ਇਸਦਾ ਨਾਂ ਗ਼ਜ਼ਲ ਰੱਖਿਆ।' (ਜਸਵੰਤ ਸਿੰਘ ਖ਼ੁਮਾਰ. 'ਪੰਜਾਬੀ ਗ਼ਜ਼ਲ ਦਾ ਆਲੋਚਨਾਤਮਕ ਅਧਿਐਨ, ਪੰਨਾ 9).* ***(3)*** *ਗ਼ਜ਼ਲ: ਜਨਮ ਤੇ ਵਿਕਾਸ, ਪੰਨਾ 23.* ***(4)*** *'ਗ਼ਜ਼ਲ ਦੇ ਮੋਢੀ ਲੇਖਕ ਬਾਰੇ ਡਾ. ਜਗਤਾਰ ਸਿੰਘ ਵੀ 1980 ਈਸਵੀ ਵਿਚ ਸਮਾਪਤ ਆਪਣੇ ਖੋਜ ਪ੍ਰਬੰਧ ਵਿਚ ਲਗਭਗ ਇਸੇ ਨਤੀਜੇ 'ਤੇ ਪਹੁੰਚਿਆ ਹੈ ਕਿ ਪੰਜਾਬੀ ਗ਼ਜ਼ਲ ਦਾ ਗਿਆਤ ਮੋਢੀ ਸ਼ਾਹ ਮੁਰਾਦ ਹੀ ਹੈ। ਅਸੀਂ ਵੀ ਇਸੇ ਮੱਤ ਦੇ ਹਾਮੀ ਹਾਂ। ਸ਼ਾਹ ਮੁਰਾਦ ਦੇ ਕਲਾਮ ਦੇ ਸਾਹਮਣੇ ਆਉਣ ਨਾਲ ਨਾ ਕੇਵਲ ਮੌਲਾ ਬਖ਼ਸ਼ ਕੁਸ਼ਤਾ ਦੀ ਇਸ ਧਾਰਨਾ ਦਾ ਕਿ ਪਹਿਲੀ ਗ਼ਜ਼ਲ ਗਾਮੂੰ ਖ਼ਾਂ (1860-1916) ਨੇ ਲਿਖੀ, ਵੀ ਖੰਡਨ ਹੋ ਜਾਂਦਾ ਹੈ ਸਗੋਂ ਮੁਹੰਮਦ ਬਖ਼ਸ਼ ਦੇ ਪਹਿਲੇ ਗ਼ਜ਼ਲਗੋ ਹੋਣ ਦਾ ਮੱਤ ਵੀ ਖੱਟੇ ਵਿਚ ਪੈ ਜਾਂਦਾ ਹੈ ਜਿਸਦੀ ਵਕਾਲਤ ਦਰਸ਼ਨ ਸਿੰਘ ਆਵਾਰਾ ਨੇ ਸੁਰਜੀਤ ਰਾਮਪੁਰੀ ਰਚਿਤ 'ਸੁਪਨਿਆਂ ਦੇ ਪ੍ਰਛਾਵੇਂ' ਲਈ ਕੀਤੀ ਸੀ। (ਠ।ਗੋ'ਇਸ, ਪੰਨਾ 167-168).* ***(5)*** *ਉਪਰੋਕਤ, ਪੰਨਾ 38.* ***(6)*** *ਉਪਰੋਕਤ, ਪੰਨਾ 181.* ***(7)*** *'...ਸ਼ਾਹ ਮੁਰਾਦ ਦੀਆ ਪੰਜਾਬੀ ਗ਼ਜ਼ਲਾਂ ਗਿਣਤੀ ਵਿਚ ਭਾਵੇਂ ਚੌਦਾ ਕੁ ਹਨ ਪਰ ਮਜ਼ਮੂਨਾਂ ਦੇ ਪੱਖੋਂ ਉਹ ਗ਼ਜ਼ਲ ਦੀ ਪੂਰੀ ਦੁਨੀਆਂ ਨੂੰ ਸਮੋਈ ਬੈਠੀਆਂ ਹਨ।....ਮੁਹੰਮਦ ਬਖ਼ਸ਼ ਦੀਆਂ ਗ਼ਜ਼ਲਾਂ ਵਿਚ ਜਜ਼ਬੇ ਦਾ ਪ੍ਰਗਟਾ ਪ੍ਰਸ਼ੰਸਾਯੋਗ ਹੈ ਪਰ ਉਸਦੀਆਂ ਬਹੁਤੀਆਂ ਗ਼ਜ਼ਲਾਂ ਖ਼ਾਰਜੀਅਤ ਦੇ ਉਸ ਐਬ ਨਾਲ ਢਕੀਆਂ ਹੋਈਆਂ ਹਨ ਜੋ ਗ਼ਜ਼ਲ ਦੀ ਰੂਹ ਨੂੰ ਖਿੜਨ ਨਹੀਂ ਦਿੰਦਾ।....ਆਪਣੇ ਸਮੇਂ ਦੀ ਗ਼ਜ਼ਲਗੋਈ ਦੀ ਰਿਵਾਇਤ ਦੀ ਪਾਲਣਾ ਵਿਚ ਚਾਤ੍ਰਿਕ ਜੀ ਨੇ ਲਗਭਗ ਸਭ ਤਰ੍ਹਾਂ ਦੇ ਵਿਸ਼ੇ, ਇਸ਼ਕੋ ਆਸ਼ਕੀ, ਗਿਲਾ, ਸ਼ਿਕਾਇਤ, ਤਸੱਵੁਫ਼, ਦੇਸ਼ ਪਿਆਰ ਅਤੇ ਰਿੰਦੀ ਆਪਣੀਆਂ ਗ਼ਜ਼ਲਾਂ ਵਿਚ ਭਰੇ ਹਨ।....ਬਾਵਾ ਬਲਵੰਤ ਮੂਲ ਰੂਪ ਵਿਚ ਗ਼ਜ਼ਲ ਦਾ ਕਵੀ ਹੈ। ਉਹ ਨਜ਼ਮ ਲਿਖਦਾ ਹੈ ਤਾਂ ਵੀ ਉਹ ਗ਼ਜ਼ਲ ਦਾ ਨਿਖਰਵਾਂ ਅੰਗ ਧਾਰਨ ਕਰ ਜਾਂਦੀ ਹੈ; "ਉਸਦਾ ਹਾਰ" ਵਿਸ਼ੇ 'ਤੇ ਜਦੋਂ ਉਹ ਨਜ਼ਮ ਲਿਖ ਬੈਠਦਾ ਹੈ ਤਾਂ ਉਸਦਾ ਹਰੇਕ ਸ਼ਿਅਰ ਤਗੱਜ਼ੁਲ ਦੇ ਰੰਗ ਵਿਚ ਡੁੱਬਦਾ ਚਲਾ ਜਾਂਦਾ ਹੈ।....ਜਗਤਾਰ ਜੋ ਪਹਿਲਾਂ ਜਗਤਾਰ ਪਪੀਹਾ ਕਰਕੇ ਪ੍ਰਸਿੱਧ ਸੀ, ਗ਼ਜ਼ਲਗੋਆਂ ਦੀ ਨਵੀਂ ਅਤੇ ਪੁਰਾਣੀ ਪੀੜ੍ਹੀ, ਦੋਹਾਂ ਦੀ ਪ੍ਰਤਿਨਿਧਤਾ ਕਰਦਾ ਹੈ। ਨਵੀਂ ਪੀੜ੍ਹੀ ਦੀ ਬਗ਼ਾਵਤ ਵਾਲਾ ਜਜ਼ਬਾ ਉਸ ਵਿਚ ਹੈ ਤੇ ਉਹ ਵੀ ਨਵੇਂ ਰੰਗ ਵਿਚ ਰੰਗਿਆ। ਪੁਰਾਣੀਆਂ ਕੀਮਤਾਂ ਰਵਾਇਤ ਅਤੇ ਪਿਛਾਂਹ ਖਿੱਚੂ ਗੱਲਾਂ ਤੋਂ ਬਾਗ਼ੀ ਹੋਣ ਦਾ ਸਾਹਸ ਦਿਖਾਂਦਾ ਹੈ ਪਰ ਜਦੋਂ ਕਿਤੇ ਉਹ ਪੁਰਾਣੀ ਪੀੜ੍ਹੀ ਵਿਚ ਪੈਰ ਧਰਦਾ ਹੈ ਤਾਂ ਆਪਣੇ ਆਪ ਨੂੰ ਰਿਵਾਇਤ ਦਾ ਪਾਬੰਦ ਬਣਾ ਲੈਂਦਾ ਹੈ।' (ਉਪਰੋਕਤ, ਪੰਨਾ 171, 178, 191, 215, 338).*

❁ ❁